**ਏਅਰ ਇੰਡੀਆ ਹਾਦਸੇ ਬਾਰੇ ਡੇਲੀ ਮੇਲ ਵਿੱਚ ਛਪੀ ਰਿਪੋਰਟ ਸੰਬੰਧੀ ਮੀਡੀਆ ਦੇ ਸਵਾਲਾਂ ਦੇ ਜਵਾਬ ਵਿੱਚ ਸਰਕਾਰੀ ਬੁਲਾਰੇ ਦਾ ਜਵਾਬ (23 ਜੁਲਾਈ, 2025)**

23 ਜੁਲਾਈ 2025

ਏਅਰ ਇੰਡੀਆ ਹਾਦਸੇ ਬਾਰੇ ਡੇਲੀ ਮੇਲ ਵਿੱਚ ਛਪੀ ਇੱਕ ਰਿਪੋਰਟ ਸੰਬੰਧੀ ਮੀਡੀਆ ਦੇ ਸਵਾਲਾਂ ਦੇ ਜਵਾਬ ਵਿੱਚ, ਸਰਕਾਰੀ ਬੁਲਾਰੇ, ਸ਼੍ਰੀ ਰਣਧੀਰ ਜੈਸਵਾਲ ਨੇ ਕਿਹਾ:

ਅਸੀਂ ਰਿਪੋਰਟ ਦੇਖੀ ਹੈ ਅਤੇ ਜਦੋਂ ਤੋਂ ਇਹ ਚਿੰਤਾਵਾਂ ਅਤੇ ਮੁੱਦੇ ਸਾਡੇ ਧਿਆਨ ਵਿੱਚ ਲਿਆਂਦੀਆਂ ਗਈਆਂ ਹਨ, ਉਦੋਂ ਤੋਂ ਹੀ ਅਸੀਂ UK ਵਾਲੇ ਪਾਸੇ ਨਾਲ ਮਿਲ ਕੇ ਕੰਮ ਕਰ ਰਹੇ ਹਾਂ। ਇਸ ਦੁਖਦਾਈ ਹਾਦਸੇ ਦੇ ਮੱਦੇਨਜ਼ਰ, ਸਬੰਧਤ ਅਧਿਕਾਰੀਆਂ ਨੇ ਸਥਾਪਿਤ ਪ੍ਰੋਟੋਕੋਲ ਅਤੇ ਤਕਨੀਕੀ ਜ਼ਰੂਰਤਾਂ ਦੇ ਅਨੁਸਾਰ ਪੀੜਤਾਂ ਦੀ ਪਛਾਣ ਕੀਤੀ ਸੀ । ਸਾਰੇ ਪਾਰਥਿਵ ਅਵਸ਼ੇਸ਼ਾਂ ਨੂੰ ਬਹੁਤ ਹੀ ਪੇਸ਼ੇਵਰ ਢੰਗ ਨਾਲ ਅਤੇ ਮ੍ਰਿਤਕ ਦੀ ਗਰਿਮਾ ਦਾ ਪੂਰਾ ਧਿਆਨ ਰੱਖਦੇ ਹੋਏ ਸੰਭਾਲਿਆ ਗਿਆ। ਅਸੀਂ ਇਸ ਮੁੱਦੇ ਨਾਲ ਸਬੰਧਤ ਕਿਸੇ ਵੀ ਚਿੰਤਾ ਨੂੰ ਦੂਰ ਕਰਨ ਲਈ UK ਅਧਿਕਾਰੀਆਂ ਨਾਲ ਕੰਮ ਕਰਨਾ ਜਾਰੀ ਰੱਖ ਰਹੇ ਹਾਂ।

ਨਵੀਂ ਦਿੱਲੀ

23 ਜੁਲਾਈ 2025